# ਦਫਤਰ ਸਕੱਤਰ ਸਿੰਚਾਈ, ਪੰਜਾਬ

ਸੇਵਾ ਵਿਖੇ

1. ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ
2. ਮੁੱਖ ਇੰਜੀਨੀਅਰ/ਜਲ ਨਿਕਾਸ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ
3. ਮੁੱਖ ਇੰਜੀਨੀਅਰ/ਕੈਡ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ
4. ਮੁੱਖ ਇੰਜੀਨੀਅਰ/ਚੌਕਸੀ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ

No. PA/SI/2015/2756 Chandigarh, dated: 14/7/2015

ਵਿਸ਼ਾ: Punjab Irrigation Works Information System (PbiWorks) ਦੇ ਨਿਯਮਾਂ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਿੰਚਾਈ ਵਿਭਾਗ ਦੇ ਨਹਿਰਾਂ, ਜਲ ਨਿਕਾਸ ਅਤੇ ਕੈਡ ਪ੍ਰਸਾਸ਼ਨਾ ਦੇ ਪ੍ਰਗਤੀ ਅਧੀਨ ਕੰਮਾਂ ਦੀ ਆਨਲਾਇਨ ਮਾਨੀਟ੍ਰਿੰਗ ਲਈ PbiWorks ਸਿਸਟਮ ਲਾਗੂ ਕੀਤਾ ਜਾ ਚੁੱਕਿਆ ਹੈ। ਕੰਮਾ ਦੀ ਪ੍ਰਗਤੀ ਨੂੰ ਹੋਰ ਬੇਹਤਰ ਢੰਗ ਨਾਲ ਮਾਨੀਟਰ ਕਰਨ ਲਈ ਇਸ ਸਿਸਟਮ ਦੇ ਨਿਯਮ ਹੇਠ ਲਿਖੇ ਅਨੁਸਾਰ ਹੋਣਗੇ:-

1. ਇਸ ਸਿਸਟਮ ਵਿੱਚ ਹਰ ਤਰਾਂ ਦਾ ਕੰਮ (With/Without Tender) ਅਤੇ ਹਰ ਕੀਮਤ ਦਾ ਕੰਮ ਦਰਜ ਕਰਵਾਇਆ ਜਾਵੇ। ਈ-ਟੈਂਡਰ ਕੀਤੇ ਗਏ ਕੰਮਾਂ ਨੂੰ ਕੰਪਿਊਟਰ ਸੈਲ ਦੀ ਟੀਮ ਈ-ਟੈਂਡਰਿੰਗ ਸਿਸਟਮ ਤੋਂ ਸਿਧਾ ਦਰਜ ਕਰੇਗੀ। ਜੇਕਰ ਕੋਈ ਕੰਮ ਦਰਜ ਨਹੀ ਹੁੰਦਾ ਹੈ ਤਾਂ ਕੰਮ ਨੂੰ ਫ਼ੀਲਡ ਵਿੱਚ ਸ਼ੁਰੂ ਕਰਨ ਤੋਂ ਪਹਿਲਾਂ ਸਬੰਧਿਤ ਕਾਰਜਕਾਰੀ ਇੰਜੀਨੀਅਰ ਉਸ ਕੰਮ ਦੀ ਕਰੀਏਸ਼ਨ ਯਕੀਨੀ ਬਣਾਉਣ। ਸਬੰਧਿਤ ਮੁੱਖ ਇੰਜੀਨੀਅਰ, Without Calling Tender (Emergent Works)ਦੇ ਕੰਮਾਂ ਦੀ ਐਂਟੀਸੀਪੇਟਰੀ ਮੰਨਜੂਰੀ ਦੇਣ ਸਮੇ ਉਸ ਦੀ ਇੱਕ ਕਾਪੀ ਇੰਚਾਰਜ, ਕੰਪਿਊਟਰ ਸੈਲ ਨੂੰ ਵੀ ਭੇਜਣ ਤਾਂ ਜੋ ਉਹਨਾ ਕੰਮਾ ਦੀ ਐਂਟਰੀ ਦਰਜ ਕਰਵਾਈ ਜਾ ਸਕੇ।
2. ਕਿਸੇ ਵੀ ਕੰਮ ਨੂੰ ਫ਼ੀਲਡ ਵਿੱਚ ਸ਼ੁਰੂ ਕਰਨ ਤੋਂ ਪਹਿਲਾਂ ਇਹ ਸਬੰਧਿਤ ਕਾਰਜਕਾਰੀ ਇੰਜੀਨੀਅਰ ਦੀ ਜਿਮੇਵਾਰੀ ਹੋਵੇਗੀ ਕਿ ਉਹ ਕੰਮ ਦਾ ਸਹੀ/ਤਸਦੀਕ ਸੁਦਾ ਵੇਰਵਾ ਦਰਜ ਕਰਨ ਅਤੇ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਦੀ ਸਾਇਟ ਕੰਡੀਸ਼ਨ ਅਨੁਸਾਰ ਪਹਿਲੀ ਪ੍ਰਗਤੀ PbiWorks ਸਿਸਟਮ ਵਿੱਚ ਪਾਉਣਾ ਯਕੀਨੀ ਬਣਾਉਨ।
3. ਕੰਮ ਦੀ ਪ੍ਰਗਤੀ ਦੇ ਸਮੇਂ ਦੌਰਾਨ ਜਦ ਤੱਕ ਭੌਤਿਕ ਪ੍ਰਗਤੀ 100% ਨਹੀਂ ਹੋ ਜਾਂਦੀ, ਹਰ ਹਫਤੇ ਸ਼ਨੀਵਾਰ ਸ਼ਾਮ 5 ਵਜੇ ਤੱਕ ਸਬੰਧਿਤ ਕਾਰਜਕਾਰੀ ਇੰਜੀਨੀਅਰ ਹਫਤਾਵਾਰੀ ਪ੍ਰਗਤੀ ਸਿਸਟਮ ਵਿੱਚ ਪਾਉਣਾ ਯਕੀਨੀ ਬਣਾਉਣਗੇ। ਭੌਤਿਕ ਪ੍ਰਗਤੀ 100% ਹੋਣ ਉਪਰੰਤ ਵਿਤੀ ਪ੍ਰਗਤੀ ਹੋਣ ਦੇ ਸਮੇ ਪ੍ਰਗਤੀ ਦਰਜ ਕੀਤੀ ਜਾਵੇ।
4. ਮੁੱਖ ਇੰਜੀਨੀਅਰ/ਕਾਰਜਕਾਰੀ ਇੰਜੀਨੀਅਰ-ਮੁੱਖ ਦਫਤਰ ਅਤੇ ਨਿਗਰਾਨ ਇੰਜੀਨੀਅਰਜ, ਉਹਨਾ ਦੇ ਅਧਿਕਾਰ-ਖੇਤਰ ਦੇ ਕੰਮਾਂ ਦੀਆਂ ਆਨਲਾਈਨ ਦਰਜ ਹੋ ਰਹੀਆਂ ਪ੍ਰਗਤੀਆਂ ਨੂੰ ਹਰ ਹਫਤੇ ਰਿਵਿਊ ਕਰਨ ਅਤੇ ਪ੍ਰਗਤੀ ਕ੍ਰਥਨ, ਵਰਕ ਫੋਟੋਜ ਦੀ ਆਪਣੇ ਪੱਧਰ ਤੇ ਰੇਨ੍ਹਡਮ ਪੜਤਾਲ ਕਰਨ।
5. <u>ਇੰਸਪੇਕਸ਼ਨ ਸਬੰਧੀ:</u>
   a. ਚੌਕਸੀ ਵਿਭਾਗ ਦੀਆਂ ਟੀਮਾਂ ਚੇਕ ਕੀਤੇ ਗਏ ਕੰਮਾਂ ਦੇ ਇੰਸਪੇਕਸ਼ਨ ਨੋਟ/ਰੀਮਾਰਕਸ ਆਨਲਾਇਨ ਸਿਸਟਮ ਵਿੱਚ ਚੈਕਿੰਗ ਉਪਰੰਤ ਤਰੁੰਤ PbiWorks ਸਿਸਟਮ ਵਿੱਚ ਦਰਜ ਕਰਨਾ ਯਕੀਨੀ ਬਣਾਉਣ। ਚੌਕਸੀ ਮੁੱਖ ਦਫਤਰ ਹਰ ਹਫਤੇ ਦਰਜ ਹੋਈਆਂ ਇੰਸਪੈਕਸ਼ਨਜ ਨੂੰ ਰੀਵਿਊ ਕਰਨ।
   b. ਨਿਗਰਾਨ ਇੰਜੀਨੀਅਰ ਅਤੇ ਸਬੰਧਿਤ ਕਾਰਜਕਾਰੀ ਇੰਜੀਨੀਅਰ(ਵਰਕ ਇੰਚਾਰਜ) ਵੀ ਕੰਮਾ ਦੀ ਇੰਸਪੇਕਸ਼ਨ ਕਰਨ ਉਪਰੰਤ ਇੰਸਪੈਕਸ਼ਨ ਨੋਟ ਨੂੰ ਵੀ ਤਰੁੰਤ PbiWorks ਸਿਸਟਮ ਵਿੱਚ ਦਰਜ ਕਰਨ। ਸਬੰਧਿਤ ਮੁੱਖ ਦਫਤਰ, ਹਰ ਹਫਤੇ ਦਰਜ ਹੋਈਆਂ ਇੰਸਪੇਕਸ਼ਨਜ ਨੂੰ ਰੀਵਿਊ ਕਰਨ।

PbiWorks ਸਿਸਟਮ ਦੇ ਇਹਨਾ ਨਿਯਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਸਕੱਤਰ ਸਿੰਚਾਈ

ਕਾਪੀ:
1. ਇੰਚਾਰਜ, ਕੰਪਿਊਟਰ ਸੈਲ, ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਹਿਤ।
2. All XENs/SDOs of the Deptt. of Irrigation through website
3. All SEs of the Deptt. through website.